| English | Punjabi |
| --- | --- |
| Welcome to NLRB E-Filing | NLRB ਈ-ਫ਼ਾਈਲਿੰਗ ਵਿੱਚ ਤੁਹਾਡਾ ਸੁਆਗਤ ਹੈ |
| What is E-File? | ਈ-ਫ਼ਾਈਲ ਕੀ ਹੈ? |
| "E-File" is the system for submitting documents electronically pertaining to a case or inquiry pending before the National Labor Relations Board (NLRB). The E-File system is a quick and easy way to filed documents with the NLRB. | "ਈ-ਫ਼ਾਈਲ" ਰਾਸ਼ਟਰੀ ਕਿਰਤ ਸਬੰਧਾਂ ਬਾਰੇ ਬੋਰਡ (NLRB) ਸਾਹਮਣੇ ਵਿਚਾਰ-ਅਧੀਨ ਕੇਸ ਜਾਂ ਪੜਤਾਲ ਨਾਲ ਜੁੜੇ ਦਸਤਾਵੇਜ਼ਾਂ ਨੂੰ ਇਲੈਕਟ੍ਰੌਨਿਕ ਤੌਰ 'ਤੇ ਜਮ੍ਹਾ ਕਰਾਉਣ ਦਾ ਸਿਸਟਮ ਹੈ। NLRB ਦਾ ਈ-ਫ਼ਾਈਲ ਸਿਸਟਮ ਦਸਤਾਵੇਜ਼ ਦਾਇਰ ਕਰਨ ਦਾ ਤੇਜ਼ ਅਤੇ ਅਸਾਨ ਤਰੀਕਾ ਹੈ। |
| Do I need to file multiple copies of documents that I file electronically? | ਕੀ ਮੈਨੂੰ ਉਹਨਾਂ ਦਸਤਾਵੇਜ਼ਾਂ ਦੀਆਂ ਕਈ ਕਾੱਪੀਆਂ ਫ਼ਾਈਲ ਕਰਨ ਦੀ ਲੋੜ ਹੈ, ਜਿਹੜੇ ਮੈਂ ਇਲੈਕਟ੍ਰੌਨਿਕ ਤੌਰ 'ਤੇ ਫ਼ਾਈਲ ਕਰਦਾ/ਕਰਦੀ ਹਾਂ? |
| There is no need to file multiple copies of documents that you file electronically. | ਇਲੈਕਟ੍ਰੌਨਿਕ ਤੌਰ 'ਤੇ ਤੁਹਾਡੇ ਵਲੋਂ ਫ਼ਾਈਲ ਕਰਨ ਵਾਲੇ ਦਸਤਾਵੇਜ਼ਾਂ ਦੀਆਂ ਕਈ ਕਾੱਪੀਆਂ ਫ਼ਾਈਲ ਕਰਨ ਦੀ ਕੋਈ ਲੋੜ ਨਹੀਂ ਹੈ। |
| How do I access my previously E-Filed documents? | ਮੈਂ ਆਪਣੇ ਪਿਛਲੇ ਈ-ਫ਼ਾਈਲ ਕੀਤੇ ਗਏ ਦਸਤਾਵੇਜ਼ਾਂ ਤੱਕ, ਕਿਵੇਂ ਪਹੁੰਚ ਕਰਾਂ? |
| You may access previously E-Filed documents through the My Account Portal (MAP) for 90 days from date of E-Filing. | ਤੁਸੀਂ ਈ-ਫ਼ਾਈਲਿੰਗ ਦੀ ਤਾਰੀਖ਼ ਤੋਂ 90 ਦਿਨਾਂ ਤੱਕ My Account Portal (MAP) ਰਾਹੀਂ ਈ-ਫ਼ਾਈਲ ਕੀਤੇ ਗਏ ਪਿਛਲੇ ਦਸਤਾਵੇਜ਼ ਵੇਖ ਸਕਦੇ ਹੋ। |
| I am a returning E-File user. Do I need to fill in Contact Information each time? | ਮੈਂ ਇੱਕ ਰਿਟਰਨਿੰਗ ਈ-ਫ਼ਾਈਲ ਯੂਜ਼ਰ ਹਾਂ। ਕੀ ਮੈਨੂੰ ਹਰ ਵਾਰੀ ਸੰਪਰਕ ਜਾਣਕਾਰੀ ਭਰਨ ਦੀ ਲੋੜ ਹੈ? |
| No. Existing E-File users can **"Sign In"** to have access to previously entered Contact Information without having to reenter it. | ਨਹੀਂ। ਮੌਜੂਦਾ ਈ-ਫ਼ਾਈਲ ਯੂਜ਼ਰ ਪਹਿਲਾਂ ਭਰੀ ਗਈ ਸੰਪਰਕ ਜਾਣਕਾਰੀ ਫਿਰ ਤੋਂ ਭਰੇ ਬਿਨਾ, ਇਸ ਤੱਕ ਪਹੁੰਚ ਕਰਨ ਲਈ **"ਸਾਈਨ ਇਨ"** ਕਰ ਸਕਦੇ ਹੋ। |
| Where can I read the E-Filing rules? | ਮੈਂ ਈ-ਫ਼ਾਈਲਿੰਗ ਨੇਮ ਕਿੱਥੇ ਪੜ੍ਹ ਸਕਦਾ/ਸਕਦੀ ਹਾਂ? |
| The E-Filing terms are available here. The E-Filing terms are also displayed each time you access the E-Filing system. | ਈ-ਫ਼ਾਈਲਿੰਗ ਦੇ ਨੇਮ ਇੱਥੇ ਉਪਲਬਧ ਹਨ। ਹਰ ਵਾਰੀ, ਜਦੋਂ ਤੁਸੀਂ ਈ-ਫ਼ਾਈਲਿੰਗ ਤੱਕ ਪਹੁੰਚ ਕਰਦੇ ਹੋ, ਤਾਂ ਤੁਹਾਨੂੰ ਈ-ਫ਼ਾਈਲਿੰਗ ਸਿਸਟਮ ਦੇ ਨੇਮ ਵੀ ਨਜ਼ਰ ਆਉਂਦੇ ਹਨ। |
| What documents can I E-File? | ਮੈਂ ਕਿਹੜੇ ਦਸਤਾਵੇਜ਼ ਈ-ਫ਼ਾਈਲ ਕਰ ਸਕਦਾ/ਸਕਦੀ ਹਾਂ? |
| Most documents can be filed with the NLRB using the E-Filing system, including Charges and Petitions. The full terms and rules are available (click here). | ਈ-ਫ਼ਾਈਲਿੰਗ ਸਿਸਟਮ ਦੀ ਵਰਤੋਂ ਕਰਦਿਆਂ, NLRB ਲਈ ਬਹੁਤੇ ਦਸਤਾਵੇਜ਼ ਦਾਇਰ ਕੀਤੇ ਜਾ ਸਕਦੇ ਹਨ, ਇਸ ਵਿੱਚ ਦੋਸ਼ ਅਤੇ ਪਟੀਸ਼ਨਾਂ ਸ਼ਾਮਿਲ ਹਨ। ਪੂਰੇ ਨੇਮ ਅਤੇ ਸ਼ਰਤਾਂ ਉਪਲਬਧ ਹਨ (ਇੱਥੇ ਕਲਿੱਕ ਕਰੋ)। |

| | |
|---|---|
| For consolidated cases, do I need to E-File my document separately under each case number? | ਸਾਂਝੇ ਕੇਸਾਂ ਲਈ, ਕੀ ਮੈਨੂੰ ਹਰ ਇੱਕ ਕੇਸ ਨੰਬਰ ਹੇਠ ਆਪਣੇ ਦਸਤਾਵੇਜ਼ ਵੱਖਰੇ ਤੌਰ 'ਤੇ ਈ-ਫ਼ਾਈਲ ਕਰਨੇ ਪੈਣੇ ਹਨ? |
| No, the document should be E-Filed solely under the lead (i.e., lowest) case number. | ਨਹੀਂ, ਦਸਤਾਵੇਜ਼ ਸਿਰਫ਼ ਲੀਡ (ਯਾਨਿ ਸਭ ਤੋਂ ਘੱਟ) ਕੇਸ ਨੰਬਰ ਹੇਠ ਈ-ਫ਼ਾਈਲ ਕਰਨਾ ਚਾਹੀਦਾ ਹੈ। |
| Is technical assistance available after business hours? | ਕੀ ਕੰਮ ਦੇ ਸਮਿਆਂ ਤੋਂ ਬਾਅਦ ਤਕਨੀਕੀ ਸਹਾਇਤਾ ਮਿਲਦੀ ਹੈ? |
| Agency personnel are not available after the close of regular business hours to assist parties with E-Filing. If you have difficulty after hours, you may try using a different computer. Temporarily removing pop-up blockers and changing your spam filter to allow receipt of messages from nlrb.gov may expedite receiving a notification that your E-Filing has been received. A technical failure by the Agency's E-Filing system may excuse a late filing, but end user problems will not.<br>If end user problems cannot be corrected before the 11:59 p.m. E-Filing deadline, the subsequent late filing will not be excused. Examples of end use problems include trouble with the telephone lines, the user's internet service provider, hardware, software, users failing to understand or follow E-Filing instructions, or rejection of the transmission because the document contains a virus. | ਈ-ਫ਼ਾਈਲਿੰਗ ਵਿੱਚ ਧਿਰਾਂ ਦੀ ਮਦਦ ਕਰਨ ਲਈ ਕੰਮ ਦੇ ਰੈਗੁਲਰ ਸਮੇਂ ਖ਼ਤਮ ਹੋਣ ਤੋਂ ਬਾਅਦ ਏਜੰਸੀ ਦਾ ਸਟਾਫ਼ ਉਪਲਬਧ ਨਹੀਂ ਹੁੰਦਾ। ਜੇ ਤੁਹਾਨੂੰ ਕੰਮ ਦੇ ਸਮਿਆਂ ਤੋਂ ਬਾਅਦ ਦਿੱਕਤ ਹੁੰਦੀ ਹੈ, ਤਾਂ ਤੁਸੀਂ ਇੱਕ ਵੱਖਰਾ ਕੰਪਿਊਟਰ ਇਸਤੇਮਾਲ ਕਰਨ ਦੀ ਕੋਸ਼ਿਸ਼ ਕਰ ਸਕਦੇ ਹੋ। ਆਰਜ਼ੀ ਤੌਰ 'ਤੇ ਪੌਪ-ਅੱਪ ਬਲੌਕਰ ਹਟਾਉਣ ਅਤੇ nlrb.gov ਤੋਂ ਮੈਸੇਜ ਪ੍ਰਾਪਤ ਕਰਨ ਦੀ ਮੰਜ਼ੂਰੀ ਦੇਣ ਲਈ ਆਪਣਾ ਸਪੈਮ ਫ਼ਿਲਟਰ ਬਦਲਣ ਨਾਲ ਜਾਣਕਾਰੀ ਲੈਣ ਵਿੱਚ ਤੇਜ਼ੀ ਆ ਸਕਦੀ ਹੈ ਕਿ ਤੁਹਾਡੀ ਈ-ਫ਼ਾਈਲਿੰਗ ਮਿਲ ਗਈ ਹੈ। ਤਕਨੀਕੀ ਖ਼ਰਾਬੀ ਏਜੰਸੀ ਦੇ ਈ-ਫ਼ਾਈਲਿੰਗ ਸਿਸਟਮ ਰਾਹੀਂ ਦੇਰ ਨਾਲ ਫ਼ਾਈਲਿੰਗ ਕਰਨ ਦਾ ਬਹਾਨਾ ਬਣ ਸਕਦੀ ਹੈ, ਪਰ ਅੰਤਮ ਯੂਜ਼ਰ ਦੀਆਂ ਸਮੱਸਿਆਵਾਂ ਖ਼ਤਮ ਨਹੀਂ ਹੋਣਗੀਆਂ। ਜੇ ਅੰਤਮ ਯੂਜ਼ਰ ਦੀਆਂ ਸਮੱਸਿਆਵਾਂ ਰਾਤੀਂ 11:59 ਵਜੇ ਤੋਂ ਪਹਿਲਾਂ ਠੀਕ ਨਹੀਂ ਹੋ ਸਕਦੀਆਂ, ਤਾਂ ਬਾਅਦ ਵਿੱਚ ਚਿਰਕੇ ਜਿਹੇ ਫ਼ਾਈਲਿੰਗ ਕਰਨ ਵਿੱਚ ਛੋਟ ਨਹੀਂ ਮਿਲੇਗੀ। ਅੰਤਮ ਯੂਜ਼ਰ ਦੀਆਂ ਸਮੱਸਿਆਵਾਂ ਦੀਆਂ ਉਦਾਹਰਣਾਂ ਵਿੱਚ ਟੈਲੀਫੋਨ ਦੀਆਂ ਲਾਈਨਾਂ, ਯੂਜ਼ਰ ਦਾ ਇੰਟਰਨੈਟ ਸਰਵਿਸ ਪ੍ਰੋਵਾਈਡਰ, ਹਾਰਡਵੇਅਰ, ਸਾੱਫ਼ਟਵੇਅਰ, ਯੂਜ਼ਰ ਈ-ਫ਼ਾਈਲਿੰਗ ਦੀਆਂ ਹਿਦਾਇਤਾਂ ਸਮਝਣ ਜਾਂ ਉਹਨਾਂ ਦੀ ਪਾਲਣਾ ਕਰਨ ਵਿੱਚ ਨਾਕਾਮ ਰਹਿੰਦਾ ਹੈ ਜਾਂ ਦਸਤਾਵੇਜ਼ ਵਿੱਚ ਵਾਇਰਸ ਹੋਣ ਕਰਕੇ ਟ੍ਰਾਂਸਮਿਸ਼ਨ ਨੂੰ ਰੱਦ ਕਰਨਾ ਸ਼ਾਮਿਲ ਹੁੰਦਾ ਹੈ। |
| What is the deadline for E-Filing? Can I request an extension? | ਈ-ਫ਼ਾਈਲਿੰਗ ਦੀ ਆਖ਼ਰੀ ਤਾਰੀਖ਼ ਕੀ ਹੈ? ਕੀ ਮੈਂ ਸਮਾਂ ਵਧਾਉਣ ਦੀ ਬੇਨਤੀ ਕਰ ਸਕਦਾ/ਸਕਦੀ ਹਾਂ? |
| E-Filed documents must be filed using the Agency's website before midnight in the time zone of the receiving office. Requests for extension of time are made by completing an online form. You can request an extension of time through the NLRB's E-Filing System by clicking here. Please note that successful submission of a | ਜਿਸ ਦਫ਼ਤਰ ਨੇ ਦਸਤਾਵੇਜ਼ ਪ੍ਰਾਪਤ ਕਰਨੇ ਹਨ, ਉਸਦੇ ਸਮੇਂ ਦੇ ਜ਼ੋਨ ਵਿੱਚ ਅੱਧੀ ਰਾਤ ਹੋਣ ਤੋਂ ਪਹਿਲਾਂ ਏਜੰਸੀ ਦੀ ਵੈਬਸਾਈਟ ਦੀ ਵਰਤੋਂ ਕਰਦਿਆਂ, ਇਹ ਦਸਤਾਵੇਜ਼ ਈ-ਫ਼ਾਈਲ ਕਰਨੇ ਚਾਹੀਦੇ ਹਨ। ਔਨਲਾਈਨ ਫ਼ਾਰਮ ਭਰਕੇ ਸਮਾਂ ਵਧਾਉਣ ਲਈ ਬੇਨਤੀ ਕੀਤੀ ਜਾਂਦੀ ਹੈ। ਤੁਸੀਂ ਇੱਥੇ ਕਲਿੱਕ ਕਰਕੇ NLRB ਦੇ ਈ-ਫ਼ਾਈਲਿੰਗ ਸਿਸਟਮ ਰਾਹੀਂ ਸਮਾਂ |

| | |
|---|---|
| request for an extension of time through the Agency's E-Filing system does not mean that your request has been granted. The office receiving the request will contact you directly to confirm whether the request has been granted or denied. | ਵਧਾਉਣ ਲਈ ਬੇਨਤੀ ਕਰ ਸਕਦੇ ਹੋ। ਕਿਰਪਾ ਕਰਕੇ ਧਿਆਨ ਦਿਓ ਕਿ ਏਜੰਸੀ ਦੇ ਈ-ਫ਼ਾਈਲਿੰਗ ਸਿਸਟਮ ਰਾਹੀਂ ਸਮਾਂ ਵਧਾਉਣ ਲਈ ਬੇਨਤੀ ਕਾਮਯਾਬੀ ਨਾਲ ਸਿਰੇ ਚੜ੍ਹਣ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੀ ਬੇਨਤੀ ਮੰਜ਼ੂਰ ਹੋ ਗਈ ਹੈ। ਇਸਦੀ ਪੁਸ਼ਟੀ ਕਰਨ ਲਈ ਬੇਨਤੀ ਪ੍ਰਾਪਤ ਕਰਨ ਵਾਲਾ ਦਫ਼ਤਰ ਤੁਹਾਡੇ ਨਾਲ ਸਿੱਧਿਆਂ ਸੰਪਰਕ ਕਰੇਗਾ ਕਿ ਬੇਨਤੀ ਮੰਜ਼ੂਰ ਹੋ ਗਈ ਹੈ ਜਾਂ ਖ਼ਾਰਜ ਕਰ ਦਿੱਤੀ ਗਈ ਹੈ। |
| What if I have a question not on this list? | ਜੇ ਮੇਰਾ ਕੋਈ ਸੁਆਲ ਹੈ, ਜੋ ਇਸ ਸੂਚੀ ਵਿੱਚ ਨਹੀਂ ਹੈ, ਤਾਂ ਕੀ ਕਰਾਂ? |
| You may send questions not addressed here to webteam@nlrb.gov. | ਤੁਹਾਡੇ ਜਿਹੜੇ ਸੁਆਲ ਹੱਲ ਨਹੀਂ ਹੋਏ, ਤੁਸੀਂ ਉਹਨਾਂ ਨੂੰ ਇਸ ਵੈਬਸਾਈਟ webteam@nlrb.gov 'ਤੇ ਭੇਜ ਸਕਦੇ ਹੋ। |
| What if I receive more than one Account Number? | ਜੇ ਮੈਨੂੰ ਇੱਕ ਨਾਲੋਂ ਵੱਧ ਅਕਾਉਂਟ ਨੰਬਰ ਮਿਲਦੇ ਹਨ, ਤਾਂ ਕੀ ਕਰਾਂ? |
| If you receive more than one Account Number, you should add those to your online My Account Portal profile as well. In your Profile, enter the additional account number in the "Add Accounts and Addresses" box and then select the Add button. The page will refresh with the additional account information. | ਜੇ ਤੁਹਾਨੂੰ ਇੱਕ ਨਾਲੋਂ ਵੱਧ ਅਕਾਉਂਟ ਨੰਬਰ ਮਿਲਦੇ ਹਨ, ਤਾਂ ਤੁਹਾਨੂੰ ਉਹਨਾਂ ਨੂੰ ਆਪਣੇ ਔਨਲਾਈਨ My Account Portal ਪ੍ਰੋਫ਼ਾਈਲ 'ਤੇ ਵੀ ਸ਼ਾਮਿਲ ਕਰਨਾ ਚਾਹੀਦਾ ਹੈ। ਆਪਣੇ ਪ੍ਰੋਫ਼ਾਈਲ ਵਿੱਚ, "ਅਕਾਉਂਟ ਅਤੇ ਪਤੇ ਸ਼ਾਮਿਲ ਕਰੋ" ਬਾੱਕਸ ਵਿੱਚ ਵਾਧੂ ਅਕਾਉਂਟ ਨੰਬਰ ਭਰੋ ਅਤੇ ਫਿਰ ਸ਼ਾਮਿਲ ਕਰੋ, ਬਟਨ ਚੁਣੋ। ਵਾਧੂ ਅਕਾਉਂਟ ਬਾਰੇ ਜਾਣਕਾਰੀ ਨਾਲ ਪੰਨਾ ਰੀਫ੍ਰੈਸ਼ ਹੋ ਜਾਏਗਾ। |
| What is E-Service? | ਈ-ਸਰਵਿਸ ਕੀ ਹੈ? |
| "E-Service" is the electronic service of Board and ALJ decisions and orders on parties. Parties who register for E-Service will receive, immediately upon posting of the Board's daily E-Docket on its website, an e-mail constituting formal notice of the Board's or Judge's decision and an electronic link to the decision. E-Service notifications will be sent at the close of the business day from NLRB headquarters in Washington, D.C. (5:00 p.m. Eastern Time). Board and ALJ decisions will not be mailed to parties who sign up for E-Service. | "ਈ-ਸਰਵਿਸ" ਬੋਰਡ ਅਤੇ ALJ ਫ਼ੈਸਲਿਆਂ ਅਤੇ ਧਿਰਾਂ ਬਾਰੇ ਆਦੇਸ਼ਾਂ ਦੀ ਇਲੈਕਟ੍ਰੌਨਿਕ ਸਰਵਿਸ ਹੈ। ਈ-ਸਰਵਿਸ ਲਈ ਰਜਿਸਟਰ ਕਰਨ ਵਾਲੀਆਂ ਧਿਰਾਂ ਨੂੰ ਇਸਦੀ ਵੈਬਸਾਈਟ 'ਤੇ ਬੋਰਡ ਦੇ ਰੋਜ਼ਾਨਾ ਈ-ਡਾੱਕੇਟ ਪੋਸਟ ਕਰਨ ਤੋਂ ਫ਼ੌਰਨ ਬਾਅਦ, ਬੋਰਡ ਜਾਂ ਜੱਜ ਦੇ ਫ਼ੈਸਲੇ ਬਾਰੇ ਰਸਮੀ ਨੋਟਿਸ ਦਾ ਇਲੈਕਟ੍ਰੌਨਿਕ ਲਿੰਕ ਤਿਆਰ ਕਰਨ ਵਾਲੀ ਈ-ਮੇਲ ਮਿਲੇਗੀ। ਵਾਸ਼ਿੰਗਟਨ, D.C. (ਸ਼ਾਮੀਂ 5:00 ਵਜੇ ਈਸਟਰਨ ਸਮਾਂ) ਵਿੱਚ NLRB ਹੈਡਕੁਆਟਰਾਂ ਤੋਂ ਕੰਮਕਾਜੀ ਦਿਨ ਪੂਰਾ ਹੋਣ 'ਤੇ ਈ-ਸਰਵਿਸ ਨੋਟੀਫ਼ਿਕੇਸ਼ਨ ਭੇਜੇ ਜਾਣਗੇ। ਈ-ਸਰਵਿਸ ਲਈ ਸਾਈਨ ਅਪ ਕਰਨ ਵਾਲੀਆਂ ਧਿਰਾਂ ਨੂੰ ਬੋਰਡ ਅਤੇ ALJ ਦੇ ਫ਼ੈਸਲੇ ਮੇਲ ਨਹੀਂ ਕੀਤੇ ਜਾਣਗੇ। |

| | |
|---|---|
| When documents are electronically-filed in a case, the NLRB sends a courtesy e-mail notification to other parties in the case who have registered to receive electronic service of Board and ALJ Decisions. The e-mail provides a link to the documents as a courtesy notification only; it does not constitute service of the document by the filing party pursuant to Board Rules & Regulations Sections 102.114(a) or 102.114(i). In addition, this e-mail indicates only that the document has been E-Filed with the Agency. It does not constitute a determination that the document has been accepted by the Agency as meeting the requirements for filing. In the event the document being E-Filed is required to be served on another party to a proceeding, the other party must be served by e-mail, if possible. If the other party does not have the ability to receive electronic service, that party must be notified by telephone of the substance of the transmitted document and a copy of the document must be served by personal service no later than the next day, by overnight delivery service, or, with the permission of the party receiving the document, by facsimile transmission. See Sec. 102.114(a) and (i) of the Board's Rules and Regulations.<br><br>If you have not registered for E-Service, and wish to do so, you should log into the NLRB My Account Portal and select the checkbox that says "I consent to accept formal service of documents electronically from the NLRB.". See the FAQ "How do I sign in to the NLRB My Account Portal?" for information regarding logging into My Account. | ਕਿਸੇ ਕੇਸ ਵਿੱਚ ਇਲੈਕਟ੍ਰੌਨਿਕ ਤੌਰ 'ਤੇ ਦਸਤਾਵੇਜ਼ ਦਾਇਰ ਕਰਨ ਵੇਲੇ, NLRB ਇਸ ਕੇਸ ਵਿਚਲੀਆਂ ਉਹਨਾਂ ਹੋਰਨਾਂ ਧਿਰਾਂ ਨੂੰ ਅਦਬ ਸਹਿਤ ਈ-ਮੇਲ ਨੋਟੀਫ਼ਿਕੇਸ਼ਨ ਭੇਜਦਾ ਹੈ, ਜਿਹਨਾਂ ਨੇ ਬੋਰਡ ਦੀ ਇਲੈਕਟ੍ਰੌਨਿਕ ਸਰਵਿਸ ਲੈਣ ਅਤੇ ALJ ਫ਼ੈਸਲੇ ਪ੍ਰਾਪਤ ਕਰਨ ਲਈ ਰਜਿਸਟਰ ਕੀਤਾ ਹੈ। ਈ-ਮੇਲ ਸਿਰਫ਼ ਅਦਬ ਸਹਿਤ ਨੋਟੀਫ਼ਿਕੇਸ਼ਨ ਵਜੋਂ ਦਸਤਾਵੇਜ਼ਾਂ ਲਈ ਇੱਕ ਲਿੰਕ ਉਪਲਬਧ ਕਰਦੀ ਹੈ; ਇਹ ਬੋਰਡ ਦੇ ਨੇਮਾਂ ਅਤੇ ਰੈਗੁਲੇਸ਼ਨਾਂ ਦੇ ਸੈਕਸ਼ਨ 102.114(a) ਜਾਂ 102.114(i) ਅਨੁਸਾਰ ਫ਼ਾਈਲਿੰਗ ਕਰਨ ਵਾਲੀ ਧਿਰ ਵਲੋਂ ਦਸਤਾਵੇਜ਼ ਦੀ ਸੇਵਾ ਨੂੰ ਕਾਨੂੰਨੀ ਰੂਪ ਨਹੀਂ ਦਿੰਦਾ। ਇਸ ਤੋਂ ਅਲਾਵਾ, ਇਸ ਈ-ਮੇਲ ਤੋਂ ਸਿਰਫ਼ ਇਹ ਪਤਾ ਚੱਲਦਾ ਹੈ ਕਿ ਏਜੰਸੀ ਕੋਲ ਇਸ ਦਸਤਾਵੇਜ਼ ਨੂੰ ਈ-ਫ਼ਾਈਲ ਕੀਤਾ ਜਾ ਰਿਹਾ ਹੈ। ਇਹ ਇਸ ਗੱਲ ਦਾ ਫ਼ੈਸਲਾ ਨਹੀਂ ਕਰਦਾ ਕਿ ਇਸ ਦਸਤਾਵੇਜ਼ ਨੂੰ ਏਜੰਸੀ ਵਲੋਂ ਫ਼ਾਈਲਿੰਗ ਕਰਨ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਪ੍ਰਵਾਣ ਕੀਤਾ ਗਿਆ ਹੈ। ਅਜਿਹਾ ਮਾਮਲਾ, ਜਿਸ ਵਿੱਚ ਕਾਨੂੰਨੀ ਕਾਰਵਾਈ ਲਈ ਕਿਸੇ ਹੋਰ ਧਿਰ ਨੂੰ ਤਾਮੀਲ ਕਰਨ ਲਈ ਦਸਤਾਵੇਜ਼ ਈ-ਫ਼ਾਈਲ ਕਰਨਾ ਚਾਹੀਦਾ ਹੈ, ਜੇ ਸੰਭਵ ਹੈ, ਤਾਂ ਇਹ ਦੂਜੀ ਧਿਰ ਨੂੰ ਈ-ਮੇਲ ਰਾਹੀਂ ਤਾਮੀਲ ਕੀਤਾ ਜਾਣਾ ਚਾਹੀਦਾ ਹੈ। ਜੇ ਦੂਜੀ ਧਿਰ ਕੋਲ ਇਲੈਕਟ੍ਰੌਨਿਕ ਸਰਵਿਸ ਪ੍ਰਾਪਤ ਕਰਨ ਦੀ ਸਮਰੱਥਾ ਨਹੀਂ ਹੈ, ਤਾਂ ਉਸ ਧਿਰ ਨੂੰ ਭੇਜੇ ਗਏ ਦਸਤਾਵੇਜ਼ ਦਾ ਸੰਖੇਪ ਸਾਰ ਟੈਲੀਫੋਨ ਰਾਹੀਂ ਜ਼ਰੂਰ ਦੱਸਣਾ ਚਾਹੀਦਾ ਹੈ ਅਤੇ ਉਸ ਦਸਤਾਵੇਜ਼ ਦੀ ਇੱਕ ਕਾੱਪੀ ਨਿਜੀ ਸੇਵਾ ਰਾਹੀਂ ਰਾਤ ਨੂੰ ਕੀਤੀ ਜਾਣ ਵਾਲੀ ਡਿਲਿਵਰੀ ਸੇਵਾ ਨਾਲ ਅਗਲੇ ਦਿਨ ਤੱਕ ਜਾਂ ਦਸਤਾਵੇਜ਼ ਪ੍ਰਾਪਤ ਕਰਨ ਵਾਲੀ ਧਿਰ ਦੀ ਮੰਜ਼ੂਰੀ ਨਾਲ ਫ਼ੈਕਸ ਰਾਹੀਂ ਭੇਜਦਿਆਂ ਤਾਮੀਲ ਹੋਣੀ ਚਾਹੀਦੀ ਹੈ। ਬੋਰਡ ਦੇ ਨੇਮਾਂ ਅਤੇ ਰੈਗੁਲੇਸ਼ਨਾਂ ਬਾਰੇ ਸੈਕਸ਼ਨ 102.114(a) ਅਤੇ (i) ਵੇਖੋ। |

| | |
|---|---|
| | ਜੇ ਈ-ਸਰਵਿਸ ਲਈ ਤੁਹਾਡੀ ਰਜਿਸਟ੍ਰੇਸ਼ਨ ਨਹੀਂ ਹੋਈ ਅਤੇ ਰਜਿਸਟ੍ਰੇਸ਼ਨ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ NLRB My Account Portal ਤੇ ਲੌਗ ਇਨ ਕਰਨਾ ਚਾਹੀਦਾ ਹੈ ਅਤੇ "ਮੈਂ NLRB ਤੋਂ ਇਲੈਕਟ੍ਰੌਨਿਕ ਤੌਰ 'ਤੇ ਦਸਤਾਵੇਜ਼ਾਂ ਦੀ ਆਮ ਸੇਵਾ ਪ੍ਰਵਾਣ ਕਰਨ ਦੀ ਸਹਿਮਤੀ ਦਿੰਦਾ/ਦਿੰਦੀ ਹਾਂ।" ਕਹਿਣ ਵਾਲਾ ਚੈਕਬਾੱਕਸ ਚੁਣੋ। FAQ (ਅਕਸਰ ਪੁੱਛੇ ਜਾਣ ਵਾਲੇ ਸੁਆਲ) ਵੇਖੋ, ਆਪਣੇ ਅਕਾਉਂਟ ਵਿੱਚ ਲੌਗ-ਇਨ ਕਰਨ ਬਾਰੇ ਜਾਣਕਾਰੀ ਲਈ "ਮੈਂ NLRB My Account Portal 'ਤੇ ਕਿਵੇਂ ਸਾਈਨ ਇਨ ਕਰਾਂ?" |
| What is login.gov? | login.gov ਕੀ ਹੈ? |
| login.gov is a service that offers secure and private online access to government programs and websites. With a login.gov account, you can sign into multiple government websites, including the NLRB public website, with the same email address and password. | login.gov ਸਰਕਾਰੀ ਪ੍ਰੋਗਰਾਮਾਂ ਅਤੇ ਵੈਬਸਾਈਟਾਂ ਤੱਕ ਸੁਰੱਖਿਅਤ ਅਤੇ ਨਿਜੀ ਔਨਲਾਈਨ ਪਹੁੰਚ ਦੇਣ ਵਾਲੀ ਇੱਕ ਸਰਵਿਸ ਹੈ। login.gov ਅਕਾਉਂਟ ਨਾਲ, ਤੁਸੀਂ ਉਸੀ ਈ-ਮੇਲ ਪਤੇ ਅਤੇ ਪਾਸਵਰਡ ਨਾਲ NLRB ਦੀ ਸਰਕਾਰੀ ਵੈਬਸਾਈਟ ਸਮੇਤ ਕਈ ਸਰਕਾਰੀ ਵੈਬਸਾਈਟਾਂ 'ਤੇ ਸਾਈਨ ਇਨ ਕਰ ਸਕਦੇ ਹੋ। |
| Why is NLRB using login.gov? | NLRB login.gov ਦੀ ਵਰਤੋਂ ਕਿਉਂ ਕਰ ਰਿਹਾ ਹੈ? |
| login.gov uses two-factor authentication, and stronger passwords, that meet National Institute of Standards of Technology requirements for secure validation and verification. By using login.gov, you'll get an extra layer of security to help protect your My Account profile against password compromises. | login.gov ਦੋ-ਪੜਾਅ ਵਾਲੀ ਪ੍ਰਮਾਣਕਤਾ ਅਤੇ ਬਹੁਤ ਹੀ ਮਜ਼ਬੂਤ ਪਾਸਵਰਡ ਦੀ ਵਰਤੋਂ ਕਰਦਾ ਹੈ, ਜੋ ਸੁਰੱਖਿਅਤ ਪ੍ਰਮਾਣਕਤਾ ਅਤੇ ਪੁਸ਼ਟੀ ਲਈ ਤਕਨਾਲੋਜੀ ਦੇ ਮਿਆਰਾਂ ਬਾਰੇ ਰਾਸ਼ਟਰੀ ਇੰਸਟੀਟਿਊਟ (NIST) ਦੀਆਂ ਜ਼ਰੂਰਤਾਂ 'ਤੇ ਪੂਰਾ ਉਤਰਦਾ ਹੈ। login.gov ਦੀ ਵਰਤੋਂ ਕਰਦਿਆਂ, ਪਾਸਵਰਡ ਬਾਰੇ ਕਿਸੇ ਹੋਰ ਨੂੰ ਪਤਾ ਲੱਗਣ ਤੋਂ ਬਚਣ ਲਈ, ਤੁਹਾਨੂੰ ਆਪਣਾ My Account ਪ੍ਰੋਫ਼ਾਈਲ ਸੁਰੱਖਿਅਤ ਰੱਖਣ ਵਿੱਚ ਮਦਦ ਲਈ ਸੁਰੱਖਿਆ ਦਾ ਇੱਕ ਵਾਧੂ ਪੱਧਰ ਮਿਲੇਗਾ। |
| How do I sign in to the NLRB My Account Portal? | NLRB My Account ਪੋਰਟਲ ਵਿੱਚ, ਮੈਂ ਕਿਵੇਂ ਸਾਈਨ ਇਨ ਕਰਾਂ? |
| To sign-in to the NLRB My Account Portal you must have a login.gov account. If you do not already have a login.gov account, you must create one. This is a one-time step. For help in creating a new login.gov account click here for more information. | NLRB My Account Portal 'ਤੇ ਸਾਈਨ ਇਨ ਕਰਨ ਲਈ, ਤੁਹਾਡਾ login.gov ਅਕਾਉਂਟ ਜ਼ਰੂਰ ਹੋਣਾ ਚਾਹੀਦਾ ਹੈ। ਜੇ ਤੁਹਾਡਾ ਪਹਿਲਾਂ ਤੋਂ login.gov ਅਕਾਉਂਟ ਨਹੀਂ ਹੈ, ਤਾਂ ਤੁਹਾਨੂੰ ਅਕਾਉਂਟ ਜ਼ਰੂਰ ਬਣਾਉਣਾ ਚਾਹੀਦਾ ਹੈ। ਇਹ ਇੱਕ-ਵਾਰੀ ਕੀਤੀ ਜਾਣ |

| | |
|---|---|
| After providing your login.gov credentials you will be asked to enter an Account Number and the email address associated with the Account. This information is available in the email notification you received after you submitted a charge/petition or at the time that you e-filed documents in support of your charge/petition.<br><br>You will need to use your login.gov email address, password and the one-time security code every time you want to sign into the My Account Portal. | ਵਾਲੀ ਕਾਰਵਾਈ ਹੈ। ਨਵਾਂ login.gov ਅਕਾਉਂਟ ਬਣਾਉਣ ਵਿੱਚ ਮਦਦ ਲਈ, ਹੋਰ ਜਾਣਕਾਰੀ ਵਾਸਤੇ ਇੱਥੇ ਕਲਿੱਕ ਕਰੋ।<br><br>ਆਪਣੀ login.gov ਜਾਣਕਾਰੀ ਭਰਨ ਤੋਂ ਬਾਅਦ, ਤੁਹਾਨੂੰ ਅਕਾਉਂਟ ਨੰਬਰ ਅਤੇ ਅਕਾਉਂਟ ਨਾਲ ਜੁੜਿਆ ਈਮੇਲ ਪਤਾ ਭਰਨ ਲਈ ਕਿਹਾ ਜਾਏਗਾ। ਇਹ ਜਾਣਕਾਰੀ ਤੁਹਾਡੇ ਵਲੋਂ ਇਲਜ਼ਾਮ/ਪਟੀਸ਼ਨ ਜਮ੍ਹਾ ਕਰਨ ਤੋਂ ਬਾਅਦ ਤੁਹਾਨੂੰ ਮਿਲਣ ਵਾਲੀ ਈਮੇਲ ਦੀ ਨੋਟੀਫ਼ਿਕੇਸ਼ਨ ਵਿੱਚ ਜਾਂ ਤੁਹਾਡੇ ਵਲੋਂ ਆਪਣੀ ਦੋਸ਼/ਪਟੀਸ਼ਨ ਦੀ ਹਿਮਾਇਤ ਵਿੱਚ ਦਸਤਾਵੇਜ਼ ਈ-ਫ਼ਾਈਲ ਕੀਤੇ ਜਾਣ ਵੇਲੇ ਮਿਲਦੀ ਹੈ।<br><br>ਜਦੋਂ ਵੀ ਤੁਸੀਂ ਹਰ ਵਾਰੀ My Account Portal ਵਿੱਚ ਸਾਈਨ ਇਨ ਕਰਨਾ ਚਾਹੁੰਦੇ ਹੋ, ਤਾਂ ਤੁਹਾਨੂੰ ਆਪਣੇ login.gov ਈਮੇਲ ਪਤੇ, ਪਾਸਵਰਡ ਅਤੇ ਇੱਕ-ਵਾਰੀ ਦੇ ਸੁਰੱਖਿਆ ਕੋਡ ਦੀ ਵਰਤੋਂ ਕਰਨੀ ਪਏਗੀ। |
| What if I already have a login.gov account? | ਜੇ ਮੇਰਾ ਪਹਿਲਾਂ ਤੋਂ ਹੀ login.gov ਅਕਾਉਂਟ ਹੈ, ਤਾਂ ਕੀ ਹੋਏਗਾ? |
| If you already have a login.gov account, you do not need to create a second one. Use your existing login.gov email address and password, plus the one-time security code to sign into the NLRB My Account Portal. | ਜੇ ਤੁਹਾਡਾ ਪਹਿਲਾਂ ਤੋਂ ਹੀ login.gov ਅਕਾਉਂਟ ਹੈ, ਤਾਂ ਤੁਹਾਨੂੰ ਦੂਜਾ ਅਕਾਉਂਟ ਬਣਾਉਣ ਦੀ ਲੋੜ ਨਹੀਂ ਹੈ। ਆਪਣੇ ਮੌਜੂਦਾ login.gov ਈਮੇਲ ਪਤੇ ਅਤੇ ਪਾਸਵਰਡ ਦੇ ਨਾਲ ਹੀ, NLRB My Account Portal ਵਿੱਚ ਸਾਈਨ ਇਨ ਕਰਨ ਲਈ ਇੱਕ-ਵਾਰੀ ਦੇ ਸੁਰੱਖਿਆ ਕੋਡ ਦੀ ਵਰਤੋਂ ਕਰੋ। |
| Can I share a login.gov account with another person? | ਕੀ ਮੈਂ ਕਿਸੇ ਹੋਰ ਸ਼ਖ਼ਸ ਨਾਲ login.gov ਅਕਾਉਂਟ ਸਾਂਝਾ ਕਰ ਸਕਦਾ/ਸਕਦੀ ਹਾਂ? |
| No. Each person needs his/her own login.gov account. Each person must set up his/her own login.gov account, with their own email address (not an email that you share with someone else). | ਨਹੀਂ। ਹਰ ਇੱਕ ਸ਼ਖ਼ਸ ਦਾ ਆਪਣਾ ਹੀ login.gov ਅਕਾਉਂਟ ਹੋਣਾ ਚਾਹੀਦਾ ਹੈ। ਹਰ ਇੱਕ ਸ਼ਖ਼ਸ ਨੂੰ ਆਪਣੇ ਈਮੇਲ ਪਤੇ (ਕਿਸੇ ਹੋਰ ਸ਼ਖ਼ਸ ਨਾਲ ਸਾਂਝੀ ਕਰਨ ਵਾਲੀ ਈਮੇਲ ਨਹੀਂ) ਨਾਲ ਹੀ, ਆਪਣਾ login.gov ਅਕਾਉਂਟ ਬਣਾਉਣਾ ਚਾਹੀਦਾ ਹੈ। |
| Which email address should I use to create a login.gov account? | login.gov ਅਕਾਉਂਟ ਬਣਾਉਣ ਲਈ ਮੈਨੂੰ ਕਿਹੜੇ ਈਮੇਲ ਪਤੇ ਦੀ ਵਰਤੋਂ ਕਰਨੀ ਚਾਹੀਦੀ ਹੈ? |
| You can use any email address to create your login.gov account. However, we suggest you use | ਆਪਣਾ login.gov ਅਕਾਉਂਟ ਬਣਾਉਣ ਲਈ ਤੁਸੀਂ ਕਿਸੇ ਵੀ ਈਮੇਲ ਪਤੇ ਦੀ ਵਰਤੋਂ ਕਰ ਸਕਦੇ ਹੋ? ਹਾਲਾਂਕਿ, |

| | |
|---|---|
| the email address you plan to use when corresponding with the NLRB. | ਅਸੀਂ ਸਲਾਹ ਦਿੰਦੇ ਹਾਂ ਕਿ ਤੁਸੀਂ ਉਸੀ ਈਮੇਲ ਪਤੇ ਦੀ ਵਰਤੋਂ ਕਰੋ, ਜੋ NLRB ਨਾਲ ਮੇਲ ਖਾਂਦਾ ਹੋਵੇ। |